ਜਿਸ ਕਿਤਾਬ ਪਰ ਮੁਸੱਨਿਫ਼ ਕੇ ਦਸਤਖ਼ਤ ਮੋਹਰ ਵਾ ਤਸਵੀਰ ਮੁਸੱਨਿਫ਼ ਕੀ
ਨਾ ਹੋਵੇਗੀ ਓਹ ਮਾਲ ਚੋਰੀ ਦਾ ਸਮਝਿਆ ਜਾਵੇਗਾ

# ਰਾਜਾ ਰਸਾਲੂ

ਕ੍ਰਿਤ

॥ ਪੰਡਤ ਕਵੀ ਕਾਲੀਦਾਸ ਗੁਜਰਾਂਵਾਲੀਆ ॥



ਮੂਰਤ ਪੰਡਤ
ਕਾਲੀ ਦਾਸ

ਯਹਿ ਕਿਤਾਬ
ਰਜਿਸਟ੍ਰੀ ਸ਼ੁਦਾ ਹੈ

ਜਿਸਕੋ ਬਾਬਾ ਹਰੀ ਸਿੰਘ ਐਂਡ ਸੰਨਜ਼ ਨੇ ਅਪਨੇ ਮਤਬਿਆ
ਗੁਰਮੁਖ ਪ੍ਰੇਸ ਗੁਜਰਾਂਵਾਲਾ ਮੇਂ
ਛਾਪਾ ਔਰ ਪ੍ਰਕਾਸ਼ਤ ਕੀਯਾ

ਮੋਹਰ ਕਰਤਾ ਦਸਤਖ਼ਤ ਕਰਤਾ

ਸੰਮਤ ੧੯੯੧ ] ਤਾਦਾਦ ਜਿਲਦ ੨੫੦੦ [ ਮੋਖ ।-)

ੴ ਸਤਿਗੁਰ ਪ੍ਰਸਾਦਿ ॥

ੴ ਧਿਹਾਇਨਰ ਆਦਅੰਤ ਹੈ ਜੋ । ਰੂਪਧਾਰ ਗੁਰਦੇਵ ਕਾ ਕਲਮੇਂ ਪ੍ਰਗਟੇ ਸੋ
ੴ ਹੀ ਆਪ ਆਕਾਰ ਧਰਕੇ ਰੂਪ ਗੁਰੂ ਮਹਾਰਾਜ ਦਾ ਧਾਰਿਆ ਹੈ
ਕਲਜੁਗ ਵਿੱਚਪ੍ਰਗਟੇ ਆਪਗੁਰੂਨਾਨਕ ਜਿਨ੍ਹਾਂ ਪਾਪੀਆਂਪਾਰ ਉਤਾਰਿਆ ਹੈ
ਸੋਈ ਜੋਤ ਆਈ ਵਿੱਚ ਗੁਰੂ ਅੰਗਦ ਸਾਰੇ ਜਗਤਦਾ ਕਸ਼ਟ ਨਿਵਾਰਿਆ ਹੈ
ਅਮਰਦਾਸ ਗੁਰਦੇਵ ਹੋ ਫੇਰ ਪ੍ਰਗਟੇ ਜਿਨ੍ਹਾਂ ਕੁੱਲ ਦਾ ਭਲਾ ਵਿਚਾਰਿਆ ਹੈ
ਰਾਮਦਾਸ ਗੁਰਦੇਵ ਵਿੱਚ ਕਲਾ ਸੋਈ ਦਯਾ ਧਰਮਦਾ ਕੋਟ ਉਸਾਰਿਆ ਹੈ
ਜਾਮੇ ਪੰਜਵੇਂ ਦੇ ਵਿੱਚ ਗੁਰੂ ਅਰਜਨ ਬਾਨੀ ਆਸਰੇ ਡੁਬਿਆ ਤਾਰਿਆ ਹੈ

ਹਰਗੋਬਿੰਦ ਗੁਰ ਰੂਪ ਗੋਬਿੰਦਦਾ ਜੀ ਦੁਸ਼ਟ ਮਾਰਕੇ ਕਸ਼ਟ ਨਿਵਾਰਿਆ ਹੈ
ਗੁਰੂ ਸ੍ਰੀ ਹਰਰਾਇ ਨੂੰ ਸਦਾ ਸਿਮਰੋ ਹਰੀਰੂਪ ਸਭਦਾ ਹਿਰਦਾ ਠਾਰਿਆ ਹੈ
ਗੁਰੂ ਸ੍ਰੀ ਹਰ ਕ੍ਰਿਸ਼ਨ ਧਿਹਾਈਏ ਜੀ ਦੁੱਖ ਦਰਦ ਕਲੇਸ਼ ਨੂੰ ਟਾਰਿਆ ਹੈ
ਗੁਰੂ ਤੇਗ ਬਹਾਦਰ ਧਿਹਾਈਏ ਜੀ ਪਿੱਛੇ ਧਰਮ ਦੇ ਸੀਸ ਨੂੰ ਵਾਰਿਆ ਹੈ
ਧੰਨਧੰਨਧੰਨ ਗੁਰੂਗੋਬਿੰਦਸਿੰਘ ਜੀ ਜਿਨ੍ਹਾਂ ਵਿਗੜਿਆ ਕਾਜ ਸੰਵਾਰਿਆ ਹੈ
ਕਾਲੀਦਾਸ ਕੁਰਬਾਨ ਕਰ ਚਾਰਪੁੱਤਰ ਜਾਂਦੀ ਹਿੰਦਨੂੰ ਫੇਰ ਖਲਵਾਰਿਆ ਹੈ

ਦੋਹਾ

ਸਤਿਗੁਰ ਬਾਬਾਲਾਲਸਿੰਘ ਲਾਲਨ ਕੇ ਹੋ ਲਾਲ ।
ਸਤਿਗੁਰ ਬਾਬਾ ਹਰੀਸਿੰਘ ਨਜ਼ਰੀਂ ਕਰੋ ਨਿਹਾਲ ॥

ਕਾਲੀਦਾਸ ਬੇਕੀਮਤਾ ਸਮਾਆਇਆ ਗੱਲਾਂਨਾਲਨਾ ਵਕਤਨੂੰ ਟਾਲ ਦੇਈਏ।

॥ ਰਾਜਾ ਸਲਵਾਨ ਨੇ ਗੋਲੀ ਕੋ ਬੁਲਾ ਕਰ ਸਮਝਾਨਾ ॥

ਗੋਲੀ ਸੱਦਕੇ ਕਿਹਾ ਸਲਵਾਨ ਰਾਜੇ ਦੇਈਏ ਅੱਜ ਰਸਾਲੂ ਨੂੰ ਦੱਖਨਾ ਨੀ।
ਅਸਾਂ ਦੇਸ ਨਿਕਾਲੇ ਨੂੰ ਹੁਨੇ ਦੇਨਾ ਏਹੋ ਜਿਹਾ ਪੁੱਤਰ ਨਹੀਂ ਰੱਖਨਾ ਨੀ।
ਆਵੇ ਘਰੀਂ ਦੋ ਰੋਟੀਆਂ ਰੱਖ ਅੱਗੇ ਮੂਹਦਾ ਮਾਰਨਾ ਘੜਾ ਚਾ ਸੱਖਨਾ ਨੀ।
ਕਾਲੀ ਦਾਸ ਮੈਂ ਗੱਲ ਮਾਲੂਮ ਕੀਤੀ ਮਜ਼ਾ ਮੌਤ ਦਾ ਏਸਨੇ ਚੱਖਨਾ ਨੀ।

ਤਥਾ

ਗੋਲੀ ਸਮਝ ਸਲਵਾਨਦੀ ਬੁਰੀਨੀਯਤ ਪਲਕਵਿੱਚ ਸਾਰਾ ਕੰਮ ਰਾਸ ਕੀਤਾ।
ਘਰਵਿੱਚ ਆਨ ਰਸਾਲੂ ਨੇ ਵੇਖਕਾਰਾ ਜ਼ੀਊ ਆਪਨੇ ਵਿੱਚ ਕਿਆਸ ਕੀਤਾ।
ਰਾਜ ਬਹਿੰਦਿਆਂ ਲੱਤ ਕੋਕਹੀ ਮਾਰੀ ਹੋਨੀ ਸੌਰਿਆ ਕੰਮ ਚਾ ਨਾਸ ਕੀਤਾ।
ਨਹੀਂ ਮੋੜਿਆ ਪਿਤਾ ਦੀ ਆਗਿਆ ਨੂੰ ਰਾਮਚੰਦ ਕਬੂਲ ਬਨਬਾਸ ਕੀਤਾ।
ਹੋਨੀ ਆਨਵਰਤੀ ਜਦੋਂ ਪਾਂਡਵਾਂਤੇ ਜੰਗਲ ਵਿੱਚ ਵਿਚਾਰਿਆਂ ਵਾਸ ਕੀਤਾ।
ਰਾਵਨ ਲੰਕ ਉਜਾੜ ਕੇ ਰੰਕ ਹੋਇਆ ਭੋਜਨ ਪੰਖੀਆਂ ਓਸਦਾ ਮਾਸ ਕੀਤਾ।
ਹੋਨੀ ਹਸਨ ਹੁਸੈਨ ਨੂੰ ਕਤਲ ਕੀਤਾ ਜਿੰਦ ਲੈਨ ਦਾ ਮੌਤ ਨੇ ਪਾਸ ਕੀਤਾ।
ਲੜਕੇ ਗੁਰਾਂਦੇ ਲੜਕੇ ਸ਼ਹੀਦ ਹੋਗਏ ਪਾਨੀ ਅਗਾਂਨਾ ਕਿਸੇ ਗਲਾਸ ਕੀਤਾ।
ਧੱਕਾ ਘਰੋਂ ਰਸਾਲੂ ਨੂੰ ਮਿਲਨ ਲੱਗਾ ਹੋਨ ਹਾਰ ਨੇ ਚਿੱਤ ਉਦਾਸ ਕੀਤਾ।
ਕਾਲੀਦਾਸ ਸੋਈ ਛੁੱਟੇ ਦੁੱਖ ਹੱਥੋਂ ਜਿੰਨ੍ਹਾਂ ਯਾਦ ਸਾਈਂ ਸਾਸ ਸਾਸ ਕੀਤਾ।

ਕਵੀਓ ਵਾਚ

ਨੀਯਤ ਵੇਖ ਰਸਾਲੂ ਨੇ ਬਾਪ ਸੰਦੀ ਲੂਨਾ ਮਾਓਂ ਅੱਗੇ ਜ਼ਾਰੋ ਜ਼ਾਰ ਰੋਇਆ।
ਰਾਜਾ ਦੇਸ ਨਿਕਾਲੜਾ ਦੇਨ ਲੱਗਾ ਮੇਰੇ ਭਾ ਦਾ ਆਨਕੇ ਕਹੈਰ ਹੋਇਆ।
ਗਸ਼ ਖਾਇਕੇ ਹੋ ਬੇਹੋਸ਼ ਡਿੱਗਾ ਪਾਨੀ ਮਾਊਂ ਨੇ ਮੁੱਖਦੇ ਵਿੱਚ ਚੋਇਆ।
ਕਾਲੀਦਾਸ ਸਮਝਾਂਵੰਦੀ ਬੈਨਅੰਦਰ ਬੂਹਾਤੁਰਤ ਦਰਵਾਜ਼ੇਦਾ ਚੁੱਕ ਢੋਇਆ।

ਕਵੀਓ ਵਾਚ

ਉੱਡ ਗਏ ਤੋਤੇ ਮਾਊਂ ਪੁੱਤਰਾਂ ਦੇ ਦੋਵੇਂ ਰਹੈ ਨੇ ਹੱਕਿਆਂ ਬੱਕਿਆਂ ਜੀ।
ਕਰਕੇ ਸਬਰ ਲੱਗੀ ਪਿੱਛੋਂ ਦੇਨਧੀਰਜ ਲੂਨਾ ਕਰੇ ਰਸਾਲੂਨੂੰ ਪੱਕਿਆਂ ਜੀ।
ਅੱਜਲਾਲ ਵਿਦਿਆ ਘਰੋਂਹੋਨਲੱਗਾ ਆਇਆਰੋਨਚੇਹਰੇਵੱਲੋਂ ਤੱਕਿਆਂ ਜੀ।

ਕਾਲੀਦਾਸ ਬੇਕੀਮਤਾ ਸਮਾਆਇਆ ਗੱਲਾਂਨਾਲਨਾ ਵਕਤਨੂੰ ਟਾਲ ਦੇਈਏ ।

॥ ਰਾਜਾ ਸਲਵਾਨ ਨੇ ਗੋਲੀ ਕੇ ਬੁਲਾ ਕਰ ਸਮਝਾਨਾ ॥

ਗੋਲੀ ਸੱਦਕੇ ਕਿਹਾ ਸਲਵਾਨ ਰਾਜੇ ਦੇਈਏ ਅੱਜ ਰਸਾਲੂ ਨੂੰ ਦੱਖਨਾ ਨੀ ।
ਅਸਾਂ ਦੇਸ ਨਿਕਾਲੇ ਨੂੰ ਹੁਨੇ ਦੇਨਾ ਏਹੋ ਜਿਹਾ ਪੁੱਤਰ ਨਹੀਂ ਰੱਖਨਾ ਨੀ ।
ਆਵੇ ਘਰੀਂ ਦੋ ਰੋਟੀਆਂ ਰੱਖ ਅੱਗੇ ਮੂਹਦਾ ਮਾਰਨਾ ਘੜਾ ਚਾ ਸੱਖਨਾ ਨੀ ।
ਕਾਲੀ ਦਾਸ ਮੈਂ ਗੱਲ ਮਾਲੂਮ ਕੀਤੀ ਮਜ਼ਾ ਮੌਤ ਦਾ ਏਸਨੇ ਚੱਖਨਾ ਨੀ ।

ਤਥਾ

ਗੋਲੀ ਸਮਝ ਸਲਵਾਨਦੀ ਬੁਰੀਨੀਯਤ ਪਲਕਵਿੱਚ ਸਾਰਾ ਕੰਮ ਰਾਸ ਕੀਤਾ ।
ਘਰਵਿੱਚ ਆਨ ਰਸਾਲੂ ਨੇ ਵੇਖਕਾਰਾ ਜ਼ੀਊ ਆਪਨੇ ਵਿੱਚ ਕਿਆਸ ਕੀਤਾ ।
ਰਾਜ ਬਹਿੰਦਿਆਂ ਲੱਤ ਕੋਕਹੀ ਮਾਰੀ ਹੋਨੀ ਸੌਰਿਆ ਕੰਮ ਚਾ ਨਾਸ ਕੀਤਾ ।
ਨਹੀਂ ਮੋੜਿਆ ਪਿਤਾ ਦੀ ਆਗਿਆ ਨੂੰ ਰਾਮਚੰਦ ਕਬੂਲ ਬਨਬਾਸ ਕੀਤਾ ।
ਹੋਨੀ ਆਨਵਰਤੀ ਜਦੋਂ ਪਾਂਡਵਾਂਤੇ ਜੰਗਲ ਵਿੱਚ ਵਿਚਾਰਿਆਂ ਵਾਸ ਕੀਤਾ ।
ਰਾਵਨ ਲੰਕ ਉਜਾੜ ਕੇ ਰੰਕ ਹੋਇਆ ਭੋਜਨ ਪੰਖੀਆਂ ਓਸਦਾ ਮਾਸ ਕੀਤਾ ।
ਹੋਨੀ ਹਸਨ ਹੁਸੈਨ ਨੂੰ ਕਤਲ ਕੀਤਾ ਜਿੰਦ ਲੈਨ ਦਾ ਮੌਤ ਨੇ ਪਾਸ ਕੀਤਾ ।
ਲੜਕੇ ਗੁਰਾਂਦੇ ਲੜਕੇ ਸ਼ਹੀਦ ਹੋਗਏ ਪਾਨੀ ਅਗਾਂਨਾ ਕਿਸੇ ਗਲਾਸ ਕੀਤਾ ।
ਧੱਕਾ ਘਰੋਂ ਰਸਾਲੂ ਨੂੰ ਮਿਲਨ ਲੱਗਾ ਹੋਨ ਹਾਰ ਨੇ ਚਿੱਤ ਉਦਾਸ ਕੀਤਾ ।
ਕਾਲੀਦਾਸ ਸੋਈ ਛੁੱਟੇ ਦੁੱਖ ਹੱਥੋਂ ਜਿੰਨ੍ਹਾਂ ਯਾਦ ਸਾਈਂ ਸਾਸ ਸਾਸ ਕੀਤਾ ।

ਕਵੀਓ ਵਾਚ

ਨੀਯਤ ਵੇਖ ਰਸਾਲੂ ਨੇ ਬਾਪ ਸੰਦੀ ਲੂਨਾ ਮਾਊਂ ਅੱਗੇ ਜ਼ਾਰੋ ਜ਼ਾਰ ਰੋਇਆ ।
ਰਾਜਾ ਦੇਸ ਨਿਕਾਲੜਾ ਦੇਨ ਲੱਗਾ ਮੇਰੇ ਭਾ ਦਾ ਆਨਕੇ ਕਹੈਰ ਹੋਇਆ ।
ਗਸ਼ ਖਾਇਕੇ ਹੋ ਬੇਹੋਸ਼ ਡਿੱਗਾ ਪਾਨੀ ਮਾਊਂ ਨੇ ਮੁੱਖਦੇ ਵਿੱਚ ਚੋਇਆ ।
ਕਾਲੀਦਾਸ ਸਮਝਾਵੰਦੀ ਬੈਨਅੰਦਰ ਬੂਹਾਤੁਰਤ ਦਰਵਾਜ਼ੇਦਾ ਚੁੱਕ ਢੋਇਆ ।

ਕਵੀਓ ਵਾਚ

ਉੱਡ ਗਏ ਤੋਤੇ ਮਾਊਂ ਪੁੱਤਰਾਂ ਦੇ ਦੋਵੇਂ ਰਹੇ ਨੇ ਹੱਕਿਆਂ ਬੱਕਿਆਂ ਜੀ ।
ਕਰਕੇ ਸਬਰ ਲੱਗੀ ਪਿੱਛੋਂ ਦੇਨਧੀਰਜ ਲੂਨਾ ਕਰੇ ਰਸਾਲੂਨੂੰ ਪੱਕਿਆਂ ਜੀ ।
ਅੱਜਲਾਲ ਵਿਦਿਆ ਘਰੋਂਹੋਨਲੱਗਾ ਆਇਆਰੋਨਚੇਹਰੇਵੱਲੋਂ ਤੱਕਿਆਂ ਜੀ

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.